# ਬਪਤਿਸਮਾ: ਅਗਾਊਂ ਸ਼ਰਤਾਂ ਅਤੇ ਬਰਕਤਾਂ

ਬਪਤਿਸਮੇ ਨਾਲ ਜੁੜੀਆਂ ਕਈ ਸੱਚਾਈਆਂ ਇਸ ਤਰ੍ਹਾਂ ਦੱਸੀਆਂ ਜਾਂਦੀਆਂ ਹਨ ਕਿ ਕੁਝ ਲੋਕ ਇਹ ਮੰਨਣ ਲਗਦੇ ਹਨ ਕਿ ਬਪਤਿਸਮੇ ਦੇ ਬਹੁਤ ਸਾਰੇ ਵੱਖੋ ਵੱਖ ਮਕਸਦ ਹਨ। ਇਨ੍ਹਾਂ ਵਾਕਾਂ ਵਿਚ ਬਹੁਤ ਸਾਰੇ ਮਕਸਦਾਂ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ, ਪਰ ਇਨ੍ਹਾਂ ਦੇ ਚਾਰ ਵਰਗ ਹਨ:

ੳ. *ਅਗਾਊਂ ਸ਼ਰਤਾਂ* ਕਿਸੇ ਸ਼ਖ਼ਸ ਲਈ ਬਪਤਿਸਮਾ ਲੈਣ ਲਈ ਕੰਮ, ਵਿਹਾਰ ਅਤੇ ਲੋੜੀਂਦੇ ਸੋਮੇ।

ਅ. *ਬਪਤਿਸਮੇ ਵਿਚ ਬਰਕਤਾਂ ਦੀ ਇੱਛਾ ਕੀਤੀ ਜਾਂਦੀ ਹੈ*—ਇੱਛਾਵਾਂ ਵੱਖੋ—ਵੱਖ ਢੰਗ ਨਾਲ ਜ਼ਾਹਿਰ ਕੀਤੀਆਂ ਜਾਂਦੀਆਂ ਹਨ, ਪਰ ਸਭ ਦਾ ਸਬੰਧ ਖ਼ੁਦਾ ਨਾਲ ਸਬੰਧ ਸੁਧਾਰਨ ਲਈ ਪਾਪਾਂ ਦੀ ਮਾਫ਼ੀ ਨਾਲ ਹੁੰਦਾ ਹੈ।

ੲ. *ਜ਼ਿੰਦਗੀ ਬਦਲਣਾ*— ਬਚਾਏ ਜਾਣ ਦੀ ਇੱਛਾ ਰੱਖਣ ਵਾਲਿਆਂ ਵੱਲੋਂ ਦਿਲੋਂ ਹੁਕਮ ਮੰਨਣ ਦਾ ਨਤੀਜਾ।

ਸ. *ਬਚਾਏ ਜਾਣ ਵਾਲਿਆਂ ਨੂੰ ਮਿਲਣ ਵਾਲੀਆਂ ਬਰਕਤਾਂ*—ਮਸੀਹੀ ਜ਼ਿੰਦਗੀ ਦਾ ਹਰ ਫ਼ਾਇਦਾ ਜਾਂ ਮੌਕਾ ਪਾਪਾਂ ਤੋਂ ਸ਼ੁੱਧ ਹੋਣ ਤੇ ਖ਼ੁਦਾ ਨਾਲ ਸਬੰਧ ਸੁਧਰਨ ਦੇ ਨਤੀਜੇ ਵਜੋਂ ਮਿਲਦਾ ਹੈ।

ਆਓ ਇਨ੍ਹਾਂ ਵਰਗਾਂ ਤੇ ਧਿਆਨ ਨਾਲ ਨਜ਼ਰ ਮਾਰਦੇ ਹਾਂ:

ੳ. ਅਗਾਊਂ ਸ਼ਰਤਾਂ:

1. ਯਿਸੂ ਅਤੇ ਉਸਦੀਆਂ ਸ਼ਰਤਾਂ ਨੂੰ ਸੁਣਨਾ ਅਤੇ ਸਮਝਣਾ (ਰਸੂਲਾਂ ਦੇ ਕੰਮ 18:8)
2. ਇੰਜੀਲ ਵਿਚ ਦੱਸੇ ਅਨੁਸਾਰ ਯਿਸੂ ਨੂੰ ਪ੍ਰਭੂ ਅਤੇ ਮੁਕਤੀਦਾਤਾ ਮੰਨ ਕੇ ਉਸ ਤੇ ਵਿਸ਼ਵਾਸ ਕਰਨਾ (ਮਰਕੁਸ 16:16)
3. ਪਾਪ ਤੋਂ ਯਿਸੂ ਦੀ ਸੇਵਾ ਕਰਨ ਵੱਲ ਬਦਲਣ ਦਾ ਇਰਾਦਾ ਕਰਕੇ ਤੌਬਾ (ਰਸੂਲਾਂ ਦੇ ਕੰਮ 2:38)
4. ਯਿਸੂ ਨੂੰ ਪ੍ਰਭੂ ਜਾਣ ਕੇ ਉਸ ਵਿਚ ਵਿਸ਼ਵਾਸ ਦਾ ਇਕਰਾਰ ਕਰਨਾ (ਰੋਮੀਆਂ 10:10)
5. ਦਫ਼ਨਾਏ ਜਾਣ ਅਤੇ ਜੀ ਉੱਠਣ (ਰੋਮੀਆਂ 6:4; ਕੁਲੁੱਸੀਆਂ 2:12) ਲਈ ਬਹੁਤ ਜਲ (ਯੂਹੰਨਾ 3:23)

ਅ. ਬਪਤਿਸਮੇ ਵਿਚ ਜਿਨ੍ਹਾਂ ਬਰਕਤਾਂ ਦੀ ਇੱਛਾ ਕੀਤੀ ਜਾਂਦੀ ਹੈ:

1. ਬਚਾਏ ਜਾਣਾ (ਮਰਕੁਸ 16:16; 1 ਪਤਰਸ 3:21)
2. ਪਾਪਾਂ ਦੀ ਮਾਫ਼ੀ ਅਤੇ ਧੋਤਾ ਜਾਣਾ (ਰਸੂਲਾਂ ਦੇ ਕੰਮ 2:38; 22:16; ਕੁਲੁੱਸੀਆਂ 2:12, 13)
3. ਯਿਸੂ ਦੀ ਦੇਹ ਵਿਚ ਸ਼ਾਮਿਲ ਹੋਣਾ (1 ਕੁਰਿੰਥੀਆਂ 12:13)

4. ਮਸੀਹ ਵਿਚ ਆਉਣਾ (ਰੋਮੀਆਂ 6:3)
5. ਯਿਸੂ ਦੀ ਮੌਤ ਵਿਚ ਸ਼ਾਮਿਲ ਹੋਣਾ (ਰੋਮੀਆਂ 6:3)

ੲ. ਜ਼ਿੰਦਗੀ ਬਦਲਣਾ:

1. ਬਪਤਿਸਮੇ ਵਿਚ ਯਿਸੂ ਦੀ ਮੌਤ ਦੇ ਸਾਂਝੀ ਹੋਣ ਕਰਕੇ ਪਾਪ ਤੋਂ ਮੌਤ (ਰੋਮੀਆਂ 6:1–4; ਕੁਲੁੱਸੀਆਂ 3:3)
2. ਨਵੀਂ ਜ਼ਿੰਦਗੀ (ਰੋਮੀਆਂ 6:4)
3. ਯਿਸੂ ਵਿਚ ਨਵੀਂ ਜ਼ਿੰਦਗੀ ਦੀ ਸਮਾਨਤਾ (ਰੋਮੀਆਂ 6:5)
4. ਪੁਰਾਣਾ ਮਨੁੱਖ ਸਲੀਬ ਤੇ ਚੜ੍ਹਾਇਆ ਗਿਆ (ਰੋਮੀਆਂ 6:6)
5. ਸਰੀਰਕ ਇੱਛਾਵਾਂ ਨੂੰ ਮਾਰ ਦਿੱਤਾ ਜਾਣਾ (ਰੋਮੀਆਂ 6:6)
6. ਪਾਪ ਦੀ ਸੇਵਾ ਕਰਨੀ ਛੱਡ ਦੇਣਾ (ਰੋਮੀਆਂ 6:6, 18)
7. ਪਾਪ ਦੀ ਸ਼ਕਤੀ ਤੋਂ ਛੁਟਕਾਰਾ ਮਿਲਣਾ (ਰੋਮੀਆਂ 6:7, 17, 18)
8. ਧਰਮ ਦੀ ਦਾਸਤਾ (ਰੋਮੀਆਂ 6:18)
9. ਯਿਸੂ ਨੂੰ ਪਹਿਨਣਾ (ਗਲਾਤੀਆਂ 3:27)
10. ਰੂਹਾਨੀ ਸੁੰਨਤ ਕਰਾਉਣਾ ਭਾਵ ਜਿਸਮਾਨੀ ਖ਼ਾਹਿਸ਼ਾਂ ਨੂੰ ਛੱਡਣਾ ਜਾਂ ਲਾਹੁਣਾ (ਕੁਲੁੱਸੀਆਂ 2:11–13)
11. ਰੂਹਾਨੀ ਤੌਰ ਤੇ ਜ਼ਿੰਦਾ ਕੀਤੇ ਗਏ (ਕੁਲੁੱਸੀਆਂ 2:13)
12. ਨਵੇਂ ਸਿਰਿਓਂ ਪੈਦਾ ਹੋਏ (ਯੂਹੰਨਾ 3:3–5)
13. ਮਸੀਹ ਦੇ ਨਾਲ ਖ਼ੁਦਾ ਵਿਚ ਲੁਕੀ ਹੋਈ ਜ਼ਿੰਦਗੀ (ਕੁਲੁੱਸੀਆਂ 3:3)
14. ਉਨ੍ਹਾਂ ਸਭ ਲੋਕਾਂ ਨਾਲ ਇਕ ਹੋਣਾ ਜੋ ਮਸੀਹ ਯਿਸੂ ਵਿਚ ਹਨ (ਗਲਾਤੀਆਂ 3:28)

ਸ. ਬਚਾਏ ਹੋਇਆਂ ਨੂੰ ਮਿਲਣ ਵਾਲੀਆਂ ਬਕਰਤਾਂ

1. ਅਨੰਦ (ਰਸੂਲਾਂ ਦੇ ਕੰਮ 8:39)
2. ਪਵਿੱਤਰ ਆਤਮਾ ਦਾ ਦਾਨ (ਰਸੂਲਾਂ ਦੇ ਕੰਮ 2:38; 5:32; ਗਲਾਤੀਆਂ 4:6)
3. ਆਸ (1 ਪਤਰਸ 1:3, 4)
4. ਖ਼ੁਦਾ ਨਾਲ ਸੰਗਤੀ (ਯੂਹੰਨਾ 14:21)
5. ਦੂਜੇ ਮਸੀਹੀ ਲੋਕਾਂ ਨਾਲ ਸੰਗਤੀ (ਰਸੂਲਾਂ ਦੇ ਕੰਮ 2:42, 47)
6. ਮਸੀਹ ਵਿਚ ਅੱਗੇ ਵਧਣ ਦਾ ਮੌਕਾ (ਅਫ਼ਸੀਆਂ 4:15)
7. ਹਰ ਉਹ ਰੂਹਾਨੀ ਬਰਕਤ ਜੋ ਮਸੀਹੀ ਲੋਕਾਂ ਨੂੰ ਮਿਲਦੀ ਹੈ (ਅਫ਼ਸੀਆਂ 1:3)
8. ਖ਼ੁਦਾ ਵੱਲੋਂ ਲਗਾਤਾਰ ਸੰਭਾਲ ਕਰਨਾ (ਇਬਰਾਨੀਆਂ 13:5)
9. ਸ਼ੁੱਧ ਅੰਤਹਕਰਣ (1 ਪਤਰਸ 3:21)

ਬਪਤਿਸਮਾ ਲੈਣ ਲਈ ਸਾਨੂੰ, ਬਪਤਿਸਮੇ ਦੀਆਂ ਪੂਰਵ ਸ਼ਰਤਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ (ਜੋ ਉੱਪਰ ''ੳ'' ਦੇ ਹੇਠਾਂ ਦਿੱਤੀਆਂ ਗਈਆਂ ਹਨ)। ਵਿਸ਼ਵਾਸ ਕਰਨ ਦਾ ਮਤਲਬ ਯਿਸੂ ਭਾਵ ਜੀ ਉੱਠੇ ਪ੍ਰਭੂ ਤੇ ਭਰੋਸਾ ਕਰਨਾ ਹੈ। ਤੌਬਾ ਕਰਨ ਦਾ ਮਤਲਬ ਹੈ ਕਿ ਅਸੀਂ ਆਪਣੀ ਜ਼ਿੰਦਗੀ ਯਿਸੂ ਨੂੰ ਦੇਣ ਲਈ ਪਿਛਲੀ ਜ਼ਿੰਦਗੀ ਨੂੰ ਛੱਡ ਦੇਣ ਦਾ ਫ਼ੈਸਲਾ ਕਰ ਲੈਂਦੇ ਹਾਂ।

ਮਸੀਹ ਭਾਵ ਖ਼ੁਦਾ ਦੇ ਪੁੱਤਰ ਦੇ ਰੂਪ ਵਿਚ ਯਿਸੂ ਵਿਚ ਵਿਸ਼ਵਾਸ ਦੇ ਇਕਰਾਰ ਦਾ ਮਤਲਬ ਉਸ ਨੂੰ ਪ੍ਰਭੂ ਦੇ ਰੂਪ ਵਿਚ ਮੰਨਣਾ ਹੈ ਜਿਹੜਾ ਸਾਨੂੰ ਸਾਡੇ ਪਾਪਾਂ ਤੋਂ ਛੁਡਾ ਸਕਦਾ ਹੈ (ਰੋਮੀਆਂ 10:9, 10)।[1]

ਇਨ੍ਹਾਂ ਅਗਾਊਂ ਸ਼ਰਤਾਂ ਨੂੰ ਪੂਰਾ ਕੀਤੇ ਬਗ਼ੈਰ, ਬਪਤਿਸਮਾ ਬਾਈਬਲ ਮੁਤਾਬਕ ਰੂਹਾਨੀ ਜਾਂ ਜਿਸਮਾਨੀ ਤੌਰ ਤੇ ਨਹੀਂ ਲਿਆ ਜਾ ਸਕਦਾ, ਜਿਸਦਾ ਮਤਲਬ ਇਹ ਹੋਇਆ ਕਿ ਬਦਲੀ ਹੋਈ ਜ਼ਿੰਦਗੀ ਨਹੀਂ ਹੋ ਸਕਦੀ।

(''ਅ'' ਦੇ ਹੇਠਾਂ) ''ਬਪਤਿਸਮੇ ਵਿਚ ਜਿਨ੍ਹਾਂ ਬਰਕਤਾਂ ਦੀ ਇੱਛਾ ਕੀਤੀ ਜਾਂਦੀ ਹੈ'' ਵਰਗ ਵਿਚ ਲਿਖੀ ਹਰ ਗੱਲ ਮਾਫ਼ੀ ਅਤੇ ਖ਼ੁਦਾ ਅਤੇ ਲੋਕਾਂ ਨਾਲ ਨਵੇਂ ਸਬੰਧ ਬਣਾਉਣਾ ਸ਼ਾਮਿਲ ਕੀਤਾ ਗਿਆ ਹੈ। ਬਪਤਿਸਮਾ ਲੈਣ ਦੇ ਬਾਅਦ ਸਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਖ਼ੁਦਾ ਨਾਲ ਸਾਡਾ ਸਬੰਧ ਸੁਧਰ ਰਿਹਾ ਹੈ। ਇਸ ਗੱਲ ਨੂੰ ਸਮਝੇ ਬਗ਼ੈਰ ਅਸੀਂ ਯਿਸੂ ਦੇ ਲਹੂ ਵਿਚ ਵਿਸ਼ਵਾਸ ਨਹੀਂ ਕਰ ਸਕਾਂਗੇ ਜੋ ਸਾਡੇ ਪਾਪਾਂ ਦੇ ਧੋਣ ਲਈ ਸਾਡਾ ਪ੍ਰਾਸਚਿਤ (ਰੋਮੀਆਂ 3:25) ਹੈ। ਇਸ ਕਰਕੇ ਬਪਤਿਸਮਾ ਲੈਣ ਤੇ ਮਾਫ਼ੀ ਪਾਉਣ ਲਈ ਯਿਸੂ ਦੇ ਲਹੂ ਵਿਚ ਵਿਸ਼ਵਾਸ ਰੱਖਣ ਤੋਂ ਪਹਿਲਾਂ ਮਾਫ਼ੀ ਦੀ ਸਮਝ ਹੋਣੀ ਜ਼ਰੂਰੀ ਹੈ।

ਇਹੀ ਸੱਚਾਈ ਯਿਸੂ ਦੀ ਗੱਲ ਵਿਚ ਸਿਖਾਈ ਜਾਂਦੀ ਹੈ ਕਿ ਖੁਸ਼ਖਬਰੀ ਸੁਣਾਏ ਜਾਣ ਨਾਲ ''ਜਿਹੜਾ ਵਿਸ਼ਵਾਸ ਕਰੇ ਅਤੇ ਬਪਤਿਸਮਾ ਲਵੇ ਉਹੀ ਬਚਾਇਆ ਜਾਵੇਗਾ'' (ਮਰਕੁਸ 16:16)। ਖੁਸ਼ਖਬਰੀ ਵਿਚ ਇਹ ਤੱਥ ਸ਼ਾਮਿਲ ਹੈ ਕਿ ''ਮਸੀਹ ਪੁਸਤਕਾਂ ਦੇ ਅਨੁਸਾਰ ਸਾਡਿਆਂ ਪਾਪਾਂ ਦੇ ਕਾਰਣ ਮੋਇਆ ਅਤੇ ਇਹ ਕਿ ਦਫ਼ਨਾਇਆ ਗਿਆ ਅਤੇ ਇਹ ਕਿ ਪੁਸਤਕਾਂ ਦੇ ਅਨੁਸਾਰ ਤੀਜੇ ਦਿਹਾੜੇ ਜੀ ਉੱਠਿਆ'' (1 ਕੁਰਿੰਥੀਆਂ 15:3, 4)। ਦੋ ਅਨਿਸਚਿਤ ਭੂਤਕਾਲ ਕ੍ਰਿਦੰਤਾਂ ਦੇ ਨਾਲ ਇਕ ਯੂਨਾਨੀ ਉੱਪਪਦ ਦਾ ਹੋਣਾ (*ਨਿਹਚਾ* ਕਰੇ ਅਤੇ ''ਬਪਤਿਸਮਾ ਲਵੇ'') ਇਹ ਸੰਕੇਤ ਦਿੰਦਾ ਹੈ ਕਿ ਦੋਹਾਂ ਦਾ ਕੰਮ ਇੱਕੋ ਸਮੇਂ ਹੋਣਾ ਹੈ। ਇਸ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਯਿਸੂ ਦੀ ਗੱਲ ਵਿਚ ਵੇਖ ਸਕਦੇ ਹਾਂ ਕਿ ਬਪਤਿਸਮਾ ਲੈਣ ਵਾਲੇ ਨੂੰ ਬਪਤਿਸਮਾ ਲੈਣ ਵੇਲੇ ਖੁਸ਼ਖਬਰੀ ਭਾਵ ਇਸ ਸੰਦੇਸ਼ ਤੇ ਯਕੀਨ ਕਰਨਾ ਜ਼ਰੂਰੀ ਹੈ ਕਿ ਯਿਸੂ ਉਹਦੇ ਪਾਪਾਂ ਦੇ ਲਈ ਮਰਿਆ।

ਇਸ ਦੇ ਇਲਾਵਾ, ਬਪਤਿਸਮੇ ਦੇ ਬਾਅਦ ਨਵੀਂ ਜ਼ਿੰਦਗੀ ਨੂੰ ਸਮਝਣਾ ਵੀ ਜ਼ਰੂਰੀ ਹੈ (''ੲ'' ਵਿਚ ਦਿੱਤੇ ਗਏ)। ਬਿਨਾਂ ਰੂਹਾਨੀ ਸਮਝ ਦੇ ਲਏ ਗਏ ਬਪਤਿਸਮੇ ਨਾਲ ਕੋਈ ਬਦਲਾਅ ਨਹੀਂ ਹੋ ਸਕਦਾ। ਨਵੀਂ ਜ਼ਿੰਦਗੀ ਬਪਤਿਸਮੇ ਵੇਲੇ ਯਿਸੂ ਦੀ ਮੌਤ ਅਤੇ ਦਫ਼ਨਾਏ ਜਾਣ ਨਾਲ ਸਾਡੀ ਰੂਹਾਨੀ ਸੰਗਤੀ ਦਾ ਨਤੀਜਾ ਹੈ। ''ਜ਼ਿੰਦਗੀ ਬਦਲਣਾ'' ਸਿਰਲੇਖ ਹੇਠ ਦਿੱਤੀਆਂ ਸਭ ਗੱਲਾਂ ਇਸ ਵਿਚਾਰ ਵਿਚ ਮਿਲਦੀਆਂ ਹਨ ਕਿ ਜਦ ਅਸੀਂ ਬਪਤਿਸਮਾ ਲੈ ਰਹੇ ਹੁੰਦੇ ਹਾਂ ਤਾਂ ਅਸੀਂ ਮਾਫ਼ੀ ਪਾਉਣ ਅਤੇ ਯਿਸੂ ਨੂੰ ਸਮਰਪਿਤ ਇਕ ਨਵੀਂ ਜ਼ਿੰਦਗੀ ਜਿਉਣ ਲਈ ਪਿਛਲੀ ਜ਼ਿੰਦਗੀ ਨੂੰ ਤਿਆਗ ਰਹੇ ਹੁੰਦੇ ਹਾਂ।

ਹੋ ਸਕਦਾ ਹੈ ਕਿ ਸਾਨੂੰ ਬਚਾਏ ਜਾਣ ਵਾਲਿਆਂ ਨੂੰ ਮਿਲਣ ਵਾਲੀਆਂ ਸਭ ਬਰਕਤਾਂ ਦਾ ਪਤਾ ਨਾ ਲੱਗੇ ਜਾਂ ਉਨ੍ਹਾਂ ਦੀ ਸਮਝ ਨਾ ਆਵੇ। ਖ਼ੁਦਾ ਨਾਲ ਸਬੰਧ ਸੁਧਾਰਨ ਅਤੇ ਯਿਸੂ ਨੂੰ ਸਮਰਪਿਤ ਨਵੀਂ ਜ਼ਿੰਦਗੀ ਜੀਉਣ ਲਈ ਬਪਤਿਸਮਾ ਲੈਣ ਤੇ ਸਾਨੂੰ ਬੇਸ਼ੁਮਾਰ ਬਰਕਤਾਂ ਮਿਲਦੀਆਂ ਹਨ। ਮਸੀਹੀ ਜ਼ਿੰਦਗੀ ਜੀਊਂਦਿਆਂ ਸਾਨੂੰ ਇਨ੍ਹਾਂ (''ਸ'' ਹੇਠ ਦਿੱਤੀਆਂ) ਵਿੱਚੋਂ ਜ਼ਿਆਦਾਤਰ ਗੱਲਾਂ ਸਾਫ਼ ਨਜ਼ਰ ਆਉਂਦੀਆਂ ਹਨ।

ਬਪਤਿਸਮੇ ਨੂੰ ਵਿਆਹ ਨਾਲ ਮਿਲਾਇਆ ਜਾ ਸਕਦਾ ਹੈ। ਵਿਆਹ ਕਰਨ ਵਾਲੇ ਆਦਮੀ ਨੂੰ ਇਹ ਸਮਝ ਹੋਣੀ ਜ਼ਰੂਰੀ ਹੈ ਕਿ ਦੇਸ਼ ਦਾ ਕਾਨੂੰਨ ਉਸ ਬਾਰੇ ਕੀ ਕਹਿੰਦਾ ਹੈ। ਵਿਆਹੁਤਾ ਜ਼ਿੰਦਗੀ ਦੀਆਂ ਕੁਝ ਬਰਕਤਾਂ ਅਤੇ ਫ਼ਾਇਦਿਆਂ ਦੀ ਸਮਝ ਤਾਂ ਹੋ ਸਕਦੀ ਹੈ, ਪਰ ਸਭ ਗੱਲਾਂ ਦੀ ਸਮਝ ਹੋਣੀ ਜ਼ਰੂਰੀ ਨਹੀਂ ਹੈ। ਹੋਰ ਬਰਕਤਾਂ ਵਿਆਹ ਦੇ ਸਮਾਰੋਹ ਦੇ ਕਈ ਸਾਲ ਬੀਤਣ ਦੇ ਬਾਅਦ ਵੀ ਜੁੜ ਸਕਦੀਆਂ ਹਨ।

ਬਪਤਿਸਮੇ ਵਿਚ ਵੀ ਇਹੀ ਗੱਲ ਲਾਗੂ ਹੁੰਦੀ ਹੈ: ਸਾਨੂੰ ਵਿਸ਼ਵਾਸ ਅਤੇ ਇਹ ਸਮਝ ਹੋਣੀ ਜ਼ਰੂਰੀ ਹੈ ਕਿ ਸਾਨੂੰ ਪਾਪਾਂ ਦੀ ਮਾਫ਼ੀ ਪਾਉਣ ਲਈ ਕੀ ਕਰਨਾ ਜ਼ਰੂਰੀ ਹੈ। ਅਸੀਂ ਬਪਤਿਸਮਾ ਲੈਣ ਦੀ ਇੱਛਾ ਕਰ ਸਕਦੇ ਹਾਂ ਕਿਉਂਕਿ ਸਾਨੂੰ ਬਚਾਏ ਹੋਇਆਂ ਨੂੰ ਦਿੱਤੀਆਂ ਜਾਣ ਵਾਲੀਆਂ ਕੁਝ ਬਕਰਤਾਂ ਦਾ ਪਤਾ ਹੈ, ਪਰ ਬਪਤਿਸਮਾ ਲੈਣ ਲਈ ਸਾਨੂੰ ਇਨ੍ਹਾਂ ਸਭ ਮਸੀਹੀ ਬਰਕਤਾਂ ਨੂੰ ਸਮਝਣਾ ਜ਼ਰੂਰੀ ਨਹੀਂ ਹੈ। (ਇਸ ਕਿਤਾਬ ਵਿਚ ਪਹਿਲਾਂ ਆਏ ਪਾਠ ''ਬਪਤਿਸਮੇ ਦੀ ਸਮਝ, ਵਿਸ਼ਵਾਸ ਅਤੇ ਸੰਕਲਪ'' ਵਿਚ ਵੇਖੋ)।

ਰਸੂਲਾਂ ਦੇ ਕੰਮ 2:38 ਵਿਚ *eis* ਇਕ ਯੂਨਾਨੀ ਸ਼ਬਦ ਜਿਸਦਾ ਮੂਲ ਅਰਥ ''ਵਿਚ ਹੈ'' ਦਾ ਅਨੁਵਾਦ ''ਦੇ ਲਈ'' ਹੋਇਆ ਹੈ। ਰਸੂਲਾਂ ਦੇ ਕੰਮ 19:5 ਵਿਚ ਇਸੇ ਸ਼ਬਦ ਦਾ ਅਨੁਵਾਦ ''ਦਾ'' ਹੋਇਆ ਹੈ। ਪਾਪਾਂ ਦੀ ਮਾਫ਼ੀ ''ਦੇ ਲਈ'' (ਯੂ.: *eis*) ਬਪਤਿਸਮਾ ਲੈਣ ਵਿਚ, ਸਾਨੂੰ ''ਮਾਫ਼ੀ'' ਦੀ ਸਮਝ ਹੋਣੀ ਵੀ ਜ਼ਰੂਰੀ ਹੈ। ਇਸੇ ਤਰ੍ਹਾਂ ਸਾਨੂੰ ਉਸ ਨਾਂਅ ਦੀ ਵੀ ਸਮਝ ਹੋਣੀ ਜ਼ਰੂਰੀ ਹੈ ਜਿਸ ''ਵਿਚ (ਦਾ) (ਯੂ.: *eis*) ਅਸੀਂ ਬਪਤਿਸਮਾ ਲੈ ਰਹੇ ਹਾਂ। ਜੇ ਸਾਡਾ ਵਿਸ਼ਵਾਸ ਹੈ ਕਿ ਅਸੀਂ ਯਿਸੂ ਦੇ ਨਾਂਅ ਦੇ ਇਲਾਵਾ ਕਿਸੇ ਹੋਰ ਨਾਂਅ ਵਿਚ ਬਪਤਿਸਮਾ ਲੈ ਰਹੇ ਹਾਂ, ਤਾਂ ਸਾਡਾ ਬਪਤਿਸਮਾ ਕਬੂਲ ਨਹੀਂ ਹੈ। ਕਿਉਂਕਿ ਬਚਾਇਆ ਜਾਣਾ ਕਿਸੇ ਹੋਰ ਨਾਂਅ ਨਾਲ ਨਹੀਂ ਹੋ ਸਕਦਾ'' (ਰਸੂਲਾਂ ਦੇ ਕੰਮ 4:12)। ਜਿਵੇਂ *eis* ਸ਼ਬਦ ਦੀ ਵਰਤੋਂ ਇਕ ਸਮਝ ਅਤੇ ਉਸ ਨਾਂਅ ਦੀ ਮੰਜ਼ੂਰੀ ਦਾ ਅਹਿਸਾਸ ਕਰਾਉਂਦੀ ਹੈ ਜਿਸ ਵਿਚ ਅਸੀਂ ਬਪਤਿਸਮਾ ਲੈ ਰਹੇ ਹੁੰਦੇ ਹਾਂ, ਉਵੇਂ ਹੀ ਇਹ ਮਾਫ਼ੀ ਦੀ ਉਸ ਸਮਝ ਦਾ ਇਹ ਅਹਿਸਾਸ ਕਰਾਉਂਦੀ ਹੈ ਜਿਸ ਵਿਚ ਅਸੀਂ ਬਪਤਿਸਮਾ ਲੈ ਰਹੇ ਹੁੰਦੇ ਹਾਂ। ਮਾਫ਼ੀ ਦੇ ਇਲਾਵਾ ਕਿਸੇ ਵੀ ਹੋਰ ਕਾਰਣ ਨਾਲ ਲਿਆ ਗਿਆ ਬਪਤਿਸਮਾ ਯਿਸੂ ਦੇ ਨਾਂਅ ਦੇ ਇਲਾਵਾ ਕਿਸੇ ਹੋਰ ਨਾਂਅ ਵਿਚ ਲਏ ਗਏ ਬਪਤਿਸਮੇ ਵਾਂਗ ਹੀ ਗ਼ਲਤ ਹੈ।

---

ਟਿੱਪਣੀ

[1]ਰੋਮੀਆਂ 10:9 ਵਿਚ ''ਇਕਰਾਰ'' ਅਤੇ ''ਨਿਹਚਾ'' ਮੂਲ ਲਿਖਤ ਵਿਚ ਅਨਿਸ਼ਚਿਤ ਭੂਤਕਾਲ ਸੰਭਾਵੀ ਕਿਰਿਆਰਥ ਹਨ। ਸੰਭਵੀ ਕਿਰਿਆਰਥ ਤੋਂ ਭਾਵ ਹੈ ਕਿ ਇਹ ਸ਼ਰਤ ਸਹਿਤ ਹਨ; ਅਨਿਸ਼ਿਚਿਤ ਭੂਤ ਕਾਲ ਤੋਂ ਭਾਵ ਹੈ ਕਿ ਇਹ ਇੱਕੋ ਵਾਰ ਹੋਣ ਵਾਲੀ ਘਟਨਾ ਹੈ, ਬਾਰ–ਬਾਰ ਹੋਣ ਵਾਲੀ ਨਹੀਂ। ਪੌਲੁਸ ਇਥੇ ਬਪਤਿਸਮਾ ਲੈਣ ਤੋਂ ਬਾਅਦ ਹੋਰਨਾਂ ਸਾਹਮਣੇ ਕੀਤੇ ਜਾਣ ਵਾਲੇ ਯਿਸੂ ਦੇ ਇਕਰਾਰ ਦੀ ਗੱਲ ਨਹੀਂ ਕਰ ਰਿਹਾ ਸੀ, ਬਲਕਿ ਉਹ ਮਸੀਹੀ ਬਣਨ ਲਈ ਕੀਤੇ ਜਾਣ ਵਾਲੇ ਇਕਰਾਰ ਦੀ ਗੱਲ ਕਰ ਰਿਹਾ ਸੀ। ਜੇ ਇਹ ਮਸੀਹੀ ਲੋਕਾਂ ਵੱਲੋ ਕੀਤੇ ਜਾਣ ਵਾਲੇ ਇਕਰਾਰ ਬਾਰੇ ਹੁੰਦਾ ਤਾਂ ਵਰਤਮਾਨ ਕਾਲ ਦੀ ਵਰਤੋਂ ਹੋਣੀ ਸੀ। ਮਸੀਹੀ ਲੋਕਾਂ ਲਈ ਹਰ ਰੋਜ਼ ਇਕਰਾਰ ਕਰਨਾ ਜ਼ਰੂਰੀ ਹੈ, ਪਰ ਬਚਾਏ ਜਾਣ ਲਈ ਨਹੀਂ।